ਨੰ: 18/51/16-5Hg2/2755 Dated 21/11/2016

ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ
(ਮਕਾਨ ਉਸਾਰੀ-2 ਸ਼ਾਖਾ)

ਡਾਇਰੀ ਨੰ: 1518
ਮਿਤੀ: 22/11/16
ਸੀ:ਟਾਊ:, ਪੁੱਡਾ, ਐਸ:ਏ:ਐਸ: ਨਗਰ

ਸੇਵਾ ਵਿਖੇ

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਉਦਯੋਗ ਤੇ ਕਮਰਸ ਵਿਭਾਗ।
2. ਮੁੱਖ ਪ੍ਰਸ਼ਾਸ਼ਕ,ਪੁੱਡਾ, ਐਸ.ਏ.ਐਸ.ਨਗਰ।
3. ਮੁੱਖ ਪ੍ਰਸ਼ਾਸ਼ਕ, ਗਮਾਡਾ, ਐਸ.ਏ.ਐਸ.ਨਗਰ।
4. ਮੁੱਖ ਪ੍ਰਸ਼ਾਸਕ,ਪੀ.ਡੀ.ਏ., ਪਟਿਆਲਾ।
5. ਮੁੱਖ ਪ੍ਰਸ਼ਾਸ਼ਕ, ਗਲਾਡਾ, ਲੁਧਿਆਣਾ।
6. ਮੁੱਖ ਪ੍ਰਸ਼ਾਸ਼ਕ, ਬੀ.ਡੀ.ਏ., ਬਠਿੰਡਾ।
7. ਮੁੱਖ ਪ੍ਰਸ਼ਾਸ਼ਕ,ਜੇ.ਡੀ.ਏ., ਜਲੰਧਰ।
8. ਮੁੱਖ ਪ੍ਰਸ਼ਾਸ਼ਕ, ਏ.ਡੀ.ਏ., ਅੰਮ੍ਰਿਤਸਰ।
9. ਡਾਇਰੈਕਟਰ, ਨਗਰ ਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ, ਐਸ.ਏ.ਐਸ.ਨਗਰ।

ਦਫਤਰ: ਮੁੱਖ ਪ੍ਰਸ਼ਾਸਕ, ਪੁੱਡਾ
ਡਾਇਰੀ ਨੰ: 13357
ਮਿਤੀ: 22-11-16
21-11-16

ਮੀਮੋ ਨੰ.18/51/2016-5ਮਉ2/ 2755
ਮਿਤੀ, ਚੰਡੀਗੜ੍ਹ: 21/11/16

ਵਿਸ਼ਾ: ਸੁਪਰ ਮੈਗਾ ਮਿਕਸਡ ਯੂਜ ਇੰਟੈਗਰੇਟਿਡ ਇੰਡਸਟਰੀਅਲ ਪਾਰਕ ਪ੍ਰੋਜੈਕਟਾਂ ਦੇ ਏਰੀਏ ਵਿੱਚ ਵਾਧਾ ਕਰਨ ਉਪਰੰਤ ਉਸਨੂੰ ਕੰਪਲੀਟ ਕਰਨ ਲਈ ਸਮਾਂ ਦੇਣ ਅਤੇ ਚਾਰਜਿਜ ਵਸੂਲ ਕਰਨ ਬਾਰੇ ।

-----

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ੇ ਅੰਕਿਤ ਮਾਮਲੇ ਨੂੰ ਮੰਤਰੀ ਪ੍ਰੀਸਦ ਦੀ ਮਿਤੀ 25-10-2016 ਨੂੰ ਹੋਈ ਮੀਟਿੰਗ ਵਿੱਚ ਵਿਚਾਰਨ ਉਪਰੰਤ ਸੁਪਰ ਮੈਗਾ ਮਿਕਸਡ ਯੂਜ ਇੰਟੈਗਰੇਟਿਡ ਇੰਡਸਟਰੀਅਲ ਪਾਰਕ ਪ੍ਰੋਜੈਕਟਾਂ ਲਈ ਇੰਪਾਵਰਡ ਕਮੇਟੀ ਵਲੋਂ ਮਿਤੀ 27-2-2008 ਨੂੰ ਪ੍ਰਵਾਨ ਕੀਤੀ ਪਾਲਿਸੀ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

i) ਮੈਗਾ ਹਾਊਸਿੰਗ ਪ੍ਰੋਜੈਕਟਾਂ ਵਿੱਚ ਜੇਕਰ ਪਹਿਲਾਂ ਪ੍ਰਵਾਨਤ ਪ੍ਰੋਜੈਕਟ ਦੇ ਰਕਬੇ ਵਿੱਚ ਹੋਰ ਰਕਬਾ ਸ਼ਾਮਲ ਕੀਤਾ ਜਾਂਦਾ ਹੈ ਤਾਂ ਉਸ ਵਧੇ ਹੋਏ ਰਕਬੇ ਵਿੱਚ ਵਿਕਾਸ ਕਾਰਜ ਕੰਪਲੀਟ ਕਰਨ ਲਈ ਸਰਕਾਰ ਵਲੋਂ ਪਾਪਰਾ ਦੇ ਉਪਬੰਧਾਂ ਦੀ ਤਰਜ ਤੇ ਪੰਜ ਸਾਲ ਦਾ ਕੰਪਲੀਸਨ ਸਮਾਂ ਦੇਣ ਬਾਰੇ ਫੈਸਲਾ ਲਿਆ ਗਿਆ ਹੈ ਇਸ ਲਈ ਸੁਪਰ ਮੈਗਾ ਮਿਕਸਡ ਯੂਜ ਇਨਟੈਗਰੇਟਿਡ ਇੰਡਸਟਰੀਅਲ ਪਾਰਕ ਪ੍ਰੋਜੈਕਟ ਦੇ ਪ੍ਰਮੋਟਰਾਂ ਵਲੋਂ ਕੈਟਾਗਰੀ ਅਪਗਰੇਡ ਕੀਤੀ ਜਾਂਦੀ ਹੈ ਤਾਂ ਉਸਨੂੰ ਅਪਗਰੇਡਿਡ ਕੈਟਾਗਰੀ ਲਈ ਉਪਲਬਧ ਇਨਸੈਨਟਿਵਜ ਦੇ ਨਾਲ ਨਾਲ ਵਧਾਏ ਹੋਏ ਰਕਬੇ ਦਾ ਕੰਪਲੀਸਨ ਸਮਾਂ ਵੀ ਇਸ ਸਬੰਧੀ ਕੀਤੇ ਜਾਣ ਵਾਲੇ ਸਪਲੀਮੈਂਟਰੀ ਐਗਰੀਮੈਂਟ ਦੀ ਮਿਤੀ ਤੋਂ ਬਿਨ੍ਹਾਂ ਪਨੈਲਟੀ ਚਾਰਜ ਕੀਤੇ 5 ਸਾਲ ਦਿੱਤਾ ਜਾਣਾ ਬਣਦਾ ਹੈ ।

ii) ਜੇਕਰ ਕਿਸੇ ਪ੍ਰਵਾਨਤ ਸੁਪਰ ਮੈਗਾ ਮਿਕਸਡ ਯੂਜ ਇਨਟੈਗਰੇਟਿਡ ਇੰਡਸਟਰੀਅਲ ਪਾਰਕ ਪ੍ਰੋਜੈਕਟਾਂ ਦੇ ਪ੍ਰਮੋਟਰਾਂ ਵਲੋਂ ਪ੍ਰੋਜੈਕਟ ਦੇ ਏਰੀਏ ਵਿੱਚ ਵਾਧਾ ਪ੍ਰਵਾਨ ਕਰਵਾਇਆ ਜਾਂਦਾ ਹੈ ਪਰੰਤੂ ਪ੍ਰੋਜੈਕਟ ਦੀ ਕੈਟਾਗਰੀ ਅਪਗਰੇਡ ਨਹੀਂ ਹੁੰਦੀ ਤਾਂ ਉਸਨੂੰ ਵਧੇ ਹੋਏ ਰਕਬੇ ਦੇ ਕੀਤੇ ਸਪਲੀਮੈਂਟਰੀ ਐਗਰੀਮੈਂਟ ਦੀ ਮਿਤੀ ਤੋਂ ਕੰਪਲੀਸਨ ਸਮਾਂ 5 ਸਾਲ ਦਿੱਤਾ ਜਾਣਾ ਬਣਦਾ ਹੈ ਪਰੰਤੂ ਅਜਿਹੀ ਸਥਿਤੀ ਵਿੱਚ ਉਸਨੂੰ ਉਪਲਬਧ ਇਨਸੈਨਟਿਵ ਮੌਜੂਦਾ ਕੈਟਾਗਰੀ ਵਾਲੇ ਹੀ ਰਹਿਣਗੇ ।

ਸੁਪਰਡੰਟ

ਉਤਾਰਾ ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ, (ਮੰਤਰੀ ਮੰਡਲ ਮਾਮਲੇ ਸਾਖ) ਨੂੰ ਉਨਾਂ ਦੇ ਅ.ਵਿ.ਪੱਤਰ ਨੰ.1/309/2016-1ਕੈਬਨਿਟ/4655 ਮਿਤੀ 10-11-2016 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸੁਪਰਡੰਟ, ਪੰਜਾਬ ਸਰਕਾਰ,
ਆਮ ਰਾਜ ਪ੍ਰਬੰਧ ਵਿਭਾਗ,
(ਮੰਤਰੀ ਮੰਡਲ ਮਾਮਲੇ ਸਾਖਾ)।

ਅ.ਵਿ.ਪੱ.ਨੰ.18/51/2016-5ਮਉ2/ ਮਿਤੀ: